# Maharaja Ranjit Singh Punjab Technical University
## Dabwali Road,Bathinda.

(Established by Govt. of Punjab vide Punjab Act No. 5 of 2015 and approved Under Section 2(f) & 12(B) of UGC)

Ref. No. MRSPTU/Estate/21-22/ 1045 Dated 17-1-2022

### ਡਿੱਗੇ ਹੋਏ ਸੁੱਕੇ ਦਰੱਖਤਾਂ ਦੀ ਲੱਕੜ ਦੀ ਬੋਲੀ ਲਈ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿੱਚ ਡਿੱਗੇ ਹੋਏ ਸੁੱਕੇ ਦਰੱਖਤਾਂ ਦੀ ਲੱਕੜ 'ਜਿਵੇਂ ਹੈ ਜਿਥੇ ਹੈ, ਦੇ ਅਨੁਸਾਰ ਵੇਚਣ ਲਈ ਖੁੱਲ੍ਹੀ ਬੋਲੀ ਮਿਤੀ 25/01/2022 ਦਿਨ ਮੰਗਲਵਾਰ ਨੂੰ ਨਿਸ਼ਚਿਤ ਕੀਤੀ ਗਈ ਹੈ।

### ਵੇਰਵਾ ਹੇਠ ਲਿਖੇ ਅਨੁਸਾਰ ਹੈ।

| ਲੜੀ ਨੰ: | ਵੇਰਵਾ | ਰਾਖਵੀਂ ਬੋਲੀ | ਬੋਲੀ ਸਮੇਂ ਜਮਾਨਤੀ ਰਕਮ |
|---|---|---|---|
| 1 | ਡਿੱਗੇ ਹੋਏ ਸੁੱਕੇ ਦਰੱਖਤਾਂ ਦੀ ਲੱਕੜ | 1097970/- + 18% ਜੀ.ਐਸ.ਟੀ ਅਤੇ 2.5% ਟੀ.ਸੀ.ਐਸ | ਰੁਪਏ 100000/- |

ਚਾਹਵਾਨ ਸੱਜਣ ਜੋ ਬੋਲੀ ਵਿੱਚ ਭਾਗ ਲੈਣਾ ਚਾਹੁੰਦੇ ਹਨ ਨਿਸ਼ਚਿਤ ਮਿਤੀ ਨੂੰ ਬਾਅਦ ਦੁਪਹਿਰ 02-00 ਵਜੇ ਯੂਨੀਵਰਸਿਟੀ ਦੇ ਆਡੀਟੋਰੀਅਮ ਵਿੱਚ ਆ ਕੇ ਬੋਲੀ ਦੇ ਸਕਦੇ ਹਨ।

ਜ਼ਮਾਨਤੀ ਰਕਮ ਬਤੌਰ ਬਿਆਨਾ ਰਕਮ ਬੋਲੀ ਦੇਣ ਸਮੇਂ ਮੌਕੇ ਤੇ ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਜਮ੍ਹਾਂ ਕਰਵਾਉਣੀ ਹੋਵੇਗੀ। ਜੇਕਰ ਕੋਈ ਵਿਅਕਤੀ ਲੱਕੜ ਦੇਖਣਾ ਚਾਹੁੰਦਾ ਹੈ ਤਾਂ ਉਹ ਕਿਸੇ ਕੰਮ ਵਾਲੇ ਦਿਨ (ਸਵੇਰੇ 9 ਤੋਂ ਸ਼ਾਮ 5 ਵਜੇ ਤੱਕ) ਆ ਕੇ ਵੇਖ ਸਕਦਾ ਹੈ।

ਨਿਮਨ ਹਸਤਾਖਰ ਕੋਲ ਬੋਲੀ ਸਵੀਕਾਰ/ ਅਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੈ। ਬਾਕੀ ਦੀਆਂ ਸ਼ਰਤਾਂ ਕਾਲਜ ਦੀ ਵੈਬਸਾਈਟ **www.gzscampus.ac.in** ਅਤੇ ਯੂਨੀਵਰਸਿਟੀ ਦੀ ਵੈਬਸਾਈਟ **www.mrsptu.ac.in** ਤੇ ਦੇਖੀਆਂ ਜਾ ਸਕਦੀਆਂ ਹਨ।

ਰਜਿਸਟਰਾਰ

ਯੂਨੀਵਰਸਿਟੀ ਕੈਂਪਸ ਵਿੱਚ ਡਿੱਗੇ ਹੋਏ ਸੁੱਕੇ ਦਰੱਖਤਾਂ ਦੀ ਲੱਕੜ ਦੀ ਬੋਲੀ ਮਿਤੀ 25-01-2022 ਦਿਨ ਮੰਗਲਵਾਰ ਬਾਅਦ ਦੁਪਹਿਰ 2:00 ਵਜੇ ਸਬੰਧੀ ਜਰੂਰੀ ਸ਼ਰਤਾਂ:

1. ਹਰ ਬੋਲੀਕਾਰ ਬੋਲੀ ਦੇ ਮੌਕੇ ਤੇ ਬੋਲੀ ਦੇਣ ਤੋ ਪਹਿਲਾਂ ਰੁਪਏ 100000/- (ਇੱਕ ਲੱਖ, ਜਿਸ ਵਿੱਚੋ 75000/- ਰੁਪਏ ਬਤੌਰ ਜ਼ਮਾਨਤੀ ਰਕਮ + 25000/- ਰੁਪਏ ਬਤੌਰ ਸਕਿਉਰਟੀ ਰਕਮ (ਜੋ ਕਿ ਲੱਕੜ ਚੁੱਕਣ ਉਪਰੰਤ ਰੀਫੰਡ ਕੀਤੀ ਜਾਵੇਗੀ)) ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਜਿਸ ਦੀ ਬੋਲੀ ਪ੍ਰਵਾਨ ਹੋਵੇਗੀ ਅਤੇ ਦੂਸਰੇ ਨੰਬਰ ਵਾਲੇ ਨੂੰ ਛੱਡ ਕੇ ਬਾਕੀ ਬੋਲੀਕਾਰਾਂ ਦੀ ਪੂਰੀ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਦੂਸਰੇ ਬੋਲੀਕਾਰ ਨੂੰ ਜਮਾਨਤੀ ਰਕਮ ਪਹਿਲੇ ਬੋਲੀਕਾਰ ਵੱਲੋ ਕੰਮ ਸ਼ੁਰੂ ਕਰਨ ਤੋਂ ਬਾਅਦ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਲੱਕੜ ਦੇ ਦਿੱਤੀ ਜਾਵੇਗੀ। ਸਰਕਾਰੀ ਬੋਲੀ ਰੁਪਏ 1097970/- ਰੱਖੀ ਗਈ ਹੈ। ਇਸ ਉੱਪਰ 18% ਜੀ.ਐਸ.ਟੀ ਅਤੇ 2.5% ਟੀ.ਸੀ.ਐਸ ਅਲੱਗ ਤੋ ਚਾਰਜ ਕੀਤਾ ਜਾਵੇਗਾ।
2. ਬੋਲੀ ਦੌਰਾਨ ਬੋਲੀਕਾਰ ਤੋਂ ਇਲਾਵਾ ਹੋਰ ਕਿਸੇ ਵੀ ਵਿਅਕਤੀ ਦੇ ਸ਼ਾਮਿਲ ਹੋਣ ਦੀ ਮਨਾਹੀ ਹੋਵੇਗੀ।
3. ਸਫਲ ਬੋਲੀਦਾਤਾ ਬੋਲੀ ਦੀ ਬਾਕੀ ਰਕਮ ਤਿੰਨ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਏਗਾ ਅਤੇ ਉਸ ਤੋਂ ਬਾਅਦ ਹੀ ਲੱਕੜ ਚੁੱਕ ਸਕੇਗਾ। ਜਮ੍ਹਾ ਕਰਵਾਈ ਰਕਮ ਉੱਪਰ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ।
4. ਲੱਕੜ ਦੀ ਢੋਆ-ਢੁਆਈ ਆਦਿ ਦਾ ਖਰਚਾ ਬੋਲੀਕਾਰ ਦਾ ਹੋਵੇਗਾ।
5. ਢੁਆ-ਢੁਆਈ ਦੌਰਾਨ ਯੂਨੀਵਰਸਿਟੀ ਕੈਂਪਸ ਦੀ ਕਿਸੇ ਵੀ ਪ੍ਰਾਪਟੀ ਨੂੰ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ। ਜੇਕਰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਉਸ ਅਨੁਸਾਰ ਲੋੜੀਂਦੀ ਕਾਰਵਾਈ ਯੂਨੀਵਰਸਿਟੀ ਪ੍ਰਸ਼ਾਸ਼ਨ ਵੱਲੋ ਕੀਤੀ ਜਾਵੇਗੀ।
6. ਲੱਕੜ ਉਪਰ ਜੇਕਰ ਕੋਈ ਟੈਕਸ ਵਗੈਰਾ ਲੱਗਦਾ ਹੈ ਤਾਂ ਉਸ ਦਾ ਖਰਚਾ ਵੀ ਬੋਲੀਕਾਰ ਦਾ ਹੋਵੇਗਾ।
7. ਲੱਕੜ ਯੂਨੀਵਰਸਿਟੀ ਕੈਂਪਸ ਦੇ ਗੇਟ ਤੋਂ ਬਾਹਰ ਜਾਣ ਉਪਰੰਤ ਯੂਨੀਵਰਸਿਟੀ ਦੀ ਕਿਸੇ ਤਰ੍ਹਾਂ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

8. ਸਫਲ ਬੋਲੀਕਾਰ ਵੱਲੋ ਲੱਕੜ 25 ਦਿਨਾਂ ਦੇ ਅੰਦਰ-ਅੰਦਰ ਚੁੱਕਣੀ ਪਵੇਗੀ। ਜੇਕਰ ਸਫਲ ਬੋਲੀਕਾਰ ਨਿਰਧਾਰਿਤ ਸਮੇਂ ਦੌਰਾਨ ਲੱਕੜ ਨਹੀਂ ਚੁੱਕਦਾ ਤਾਂ ਉਸ ਦੀ ਬੋਲੀ ਬਿਨ੍ਹਾ ਕਿਸੇ ਨੋਟਿਸ ਦੇ ਰੱਦ ਕਰਕੇ ਉਸ ਵੱਲੋ ਜਮ੍ਹਾਂ ਕਰਵਾਈ ਰਕਮ ਜਬਤ ਕਰਨ ਦਾ ਅਧਿਕਾਰ ਰਜਿਸਟਰਾਰ ਕੋਲ ਹੋਵੇਗਾ ਅਤੇ ਦੂਸਰੇ ਨੰਬਰ ਦੇ ਬੋਲੀਕਾਰ ਨੂੰ ਮੌਕਾ ਦਿੱਤਾ ਜਾ ਸਕਦਾ ਹੈ।

9. ਇਹ ਜਰੂਰੀ ਹੈ ਕਿ ਬੋਲੀਦਾਤਾ ਦਾ ਵਿਵਹਾਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਪ੍ਰਤੀ ਚੰਗਾ ਹੋਵੇ ਅਤੇ ਗਲਤ ਵਿਵਹਾਰ ਬਾਰੇ ਸ਼ਿਕਾਇਤ ਦੀ ਸੂਰਤ ਵਿੱਚ ਰਜਿਸਟਰਾਰ ਕੋਲ ਅਧਿਕਾਰ ਹੋਵੇਗਾ ਕਿ ਉਹ ਤੁਰੰਤ ਉਸ ਦੀ ਅਲਾਟਮੈਂਟ ਰੱਦ ਕਰ ਸਕਦਾ ਹੈ।

10. ਹਰ ਬੋਲੀਕਾਰ ਬੋਲੀ ਦੇਣ ਤੋਂ ਪਹਿਲਾਂ ਲੱਕੜ ਦੀ ਨਿਰੀਖਣ "ਜਿਵੇਂ ਹੈ ਜਿੱਥੇ ਹੈ" ਦੇ ਅਨੁਸਾਰ ਕਿਸੇ ਵੀ ਕੰਮਕਾਜ ਵਾਲੇ ਦਿਨ (ਸਵੇਰੇ 9 ਤੋਂ ਸ਼ਾਮ 5 ਵਜੇ ਤੱਕ) ਆ ਕੇ ਕਰ ਸਕਦੇ ਹਨ।

11. ਹਰ ਬੋਲੀਕਾਰ ਵੱਲੋ ਆਪਣੀ ਨਿਰੀਖਣ ਅਨੁਸਾਰ ਹੀ ਲੱਕੜ ਦੀ ਬੋਲੀ ਦਿੱਤੀ ਜਾਵੇ।

12. ਸਫਲ ਬੋਲੀਕਾਰ ਵੱਲੋ ਲਿਆਂਦੇ ਵਾਹਨ ਦੀ ਯੂਨੀਵਰਸਿਟੀ ਪ੍ਰਸ਼ਾਸ਼ਨ ਵੱਲੋ ਕਿਸੇ ਸਮੇਂ ਵੀ ਚੈਕਿੰਗ ਕੀਤੀ ਜਾ ਸਕਦੀ ਹੈ।

13. ਰਜਿਸਟਰਾਰ ਨੂੰ ਬਿਨਾਂ ਕਿਸੇ ਕਾਰਨ ਦੱਸੇ ਬੋਲੀ ਪ੍ਰਵਾਨ/ ਅਪ੍ਰਵਾਨ ਕਰਨ ਦਾ ਪੂਰਾ-ਪੂਰਾ ਹੱਕ ਹੋਵੇਗਾ।

14. ਬੋਲੀ ਸਬੰਧੀ ਕਿਸੇ ਕਿਸਮ ਦਾ ਫੈਸਲਾ ਅਤੇ ਸ਼ਰਤਾਂ ਵਿੱਚ ਕੋਈ ਬਦਲਾਅ ਕਮੇਟੀ ਮੌਕੇ ਤੇ ਕਰਨ ਯੋਗ ਹੋਵੇਗੀ।

15. ਢੁਆ-ਢੁਆਈ ਦੌਰਾਨ ਕਿਸੇ ਵੀ ਜਾਨੀ-ਮਾਲੀ ਨੁਕਸਾਨ ਦੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

16. ਸਫਲ ਬੋਲੀਕਾਰ ਵੱਲੋ ਕੋਵਿਡ-19/ ਕੁਦਰਤੀ ਆਫਤ/ ਯੂਨੀਵਰਸਿਟੀ ਜਾਂ ਪੰਜਾਬ ਜਾਂ ਕੇਂਦਰ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।

17/01/2022 12/1/22